Gurminder Kaur
Maths Mistress
G.G.S.S.S Nakodar.



# ਅਧਿਆਇ - 10 (ਚੱਕਰ)

## ਅਭਿਆਸ - 10.1

1. ਖਾਲੀ ਥਾਵਾਂ ਭਰੋ:-

(i) ਚੱਕਰ ਦਾ ਕੇਂਦਰ ਚੱਕਰ ਦੇ **ਅੰਦਰਲੇ ਭਾਗ** ਵਿੱਚ ਸਥਿਤ ਹੈ।

(ii) ਇੱਕ ਬਿੰਦੂ, ਜਿਸ ਦੀ ਚੱਕਰ ਦੇ ਕੇਂਦਰ ਤੋਂ ਦੂਰੀ ਅਰਧ ਵਿਆਸ ਨਾਲੋਂ ਵੱਧ ਹੋਵੇ, ਚੱਕਰ ਦੇ **ਬਾਹਰੀ ਭਾਗ** ਵਿੱਚ ਸਥਿਤ ਹੁੰਦਾ ਹੈ।

(iii) ਚੱਕਰ ਦੀ ਸਭ ਤੋਂ ਵੱਡੀ ਜੀਵਾ ਚੱਕਰ ਦਾ **ਵਿਆਸ** ਹੁੰਦਾ ਹੈ।

(iv) ਇੱਕ ਚਾਪ **ਅਰਧਚੱਕਰ** ਹੁੰਦਾ ਹੈ, ਜਦੋਂ ਇਸ ਦੇ ਸਿਰੇ, ਇੱਕ ਵਿਆਸ ਦੇ ਸਿਰੇ ਹੋਣ।

(v) ਚੱਕਰ ਖੰਡ ਇੱਕ ਚਾਪ ਅਤੇ **ਜੀਵਾ** ਦੇ ਵਿਚਲਾ ਭਾਗ ਹੁੰਦਾ ਹੈ।

(vi) ਇੱਕ ਚੱਕਰ, ਜਿਸ ਤਲ ਵਿੱਚ ਸਥਿਤ ਹੈ, ਉਸ ਨੂੰ **ਤਿੰਨ** ਭਾਗਾਂ ਵਿੱਚ ਵੰਡਦਾ ਹੈ।

2. ਲਿਖੋ, ਸੱਚ ਜਾਂ ਝੂਠ। ਆਪਣੇ ਉੱਤਰ ਦੇ ਕਾਰਣ ਵੀ ਦੱਸੋ।

(i) ਕੇਂਦਰ ਨੂੰ ਚੱਕਰ ਉੱਤੇ ਕਿਸੇ ਬਿੰਦੂ ਨਾਲ ਮਿਲਾਉਣ ਵਾਲਾ ਰੇਖਾਖੰਡ ਚੱਕਰ ਦਾ ਅਰਧ ਵਿਆਸ ਹੁੰਦਾ ਹੈ। **ਸੱਚ**

(ii) ਇੱਕ ਚੱਕਰ ਵਿੱਚ ਸਮਾਨ ਲੰਬਾਈ ਦੀਆਂ ਸੀਮਿਤ ਜੀਵਾਵਾਂ ਹੁੰਦੀਆਂ ਹਨ। **ਝੂਠ**
(ਇੱਕ ਚੱਕਰ ਵਿੱਚ ਬਰਾਬਰ ਲੰਬਾਈ ਦੀਆਂ ਕਈ ਜੀਵਾਵਾਂ ਹੁੰਦੀਆਂ ਹਨ।)

(iii) ਜੇਕਰ ਇੱਕ ਚੱਕਰ ਨੂੰ ਤਿੰਨ ਬਰਾਬਰ ਚਾਪਾਂ ਵਿੱਚ ਵੰਡ ਦਿੱਤਾ ਜਾਵੇ, ਤਾਂ ਹਰੇਕ ਭਾਗ ਦੀਰਘ ਚਾਪ ਹੁੰਦੀ ਹੈ। **ਝੂਠ**.
(ਕਿਉਂਕਿ, ਹਰ ਚਾਪ ਕੇਂਦਰ ਤੇ 120° ਦਾ ਕੋਣ ਬਣਾਏਗਾ, ਪਰ ਦੀਰਘ ਚਾਪ ਕੇਂਦਰ ਤੇ 180° ਤੋਂ ਵੱਧ ਕੋਣ ਬਣਾਉਂਦਾ ਹੈ।)

(iv) ਚੱਕਰ ਦੀ ਇੱਕ ਜੀਵਾ, ਜਿਸ ਦੀ ਲੰਬਾਈ ਅਰਧ ਵਿਆਸ ਤੋਂ ਦੁਗਣੀ ਹੋਵੇ, ਚੱਕਰ ਦਾ ਵਿਆਸ ਹੁੰਦੀ ਹੈ। **ਸੱਚ**.

(v) ਅਰਧ ਵਿਆਸੀ ਖੰਡ, ਜੀਵਾ ਅਤੇ ਸੰਗਤ ਚਾਪ ਦੇ ਵਿੱਚ ਦਾ ਖੇਤਰ ਹੁੰਦਾ ਹੈ। **ਝੂਠ**
(ਚੱਕਰ ਦਾ ਚੱਕਰ ਖੰਡ, ਜੀਵਾ ਅਤੇ ਸੰਗਤ ਚਾਪ ਦੇ ਵਿੱਚ ਦਾ ਖੇਤਰ ਹੁੰਦਾ ਹੈ।)

(vi) ਚੱਕਰ ਇੱਕ ਸਮਤਲ ਆਕ੍ਰਿਤੀ ਹੈ। **ਸੱਚ**.

Scanned with CamScanner